ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦਫ: ਪ੍ਰਮੁੱਖ/ਇੰਜ. ਐਚ.ਆਰ.ਡੀ)
(ਬੋਰਡ ਭਾਗ)

ਵੱਲ

1. ਸਾਰੇ ਇੰਜੀ.ਇੰਨ ਚੀਫ/ਮੁੱਖ ਇੰਜੀਨੀਅਰਜ,ਪੰ:ਸ:ਪਾ:ਕਾ:ਲਿ:/ਪੰ:ਸ:ਟ:ਕਾ:ਲਿ:।
2. ਸਾਰੇ ਮੁੱਖ ਲੇਖਾ ਅਫਸਰ,ਪੰ:ਸ:ਪਾ:ਕਾ:ਲਿ:ਪਟਿਆਲਾ ।
3. ਉਪ ਸਕੱਤਰ/ਸਿਕਾਇਤਾਂ ਤੇ ਭਲਾਈ, ਪੰ:ਸ:ਪਾ:ਕਾ:ਲਿ:ਪਟਿਆਲਾ
4. ਉਪ ਸਕੱਤਰ/ਸੇਵਾਵਾ-1,2,3, ਪੰ:ਸ:ਪਾ:ਕਾ:ਲਿ:ਪਟਿਆਲਾ
5. ਉਪ ਸਕੱਤਰ/ਪੀ ਤੇ ਆਰ, ਪੰ:ਸ:ਪਾ:ਕਾ:ਲਿ:ਪਟਿਆਲਾ
6. ਉਪ ਸਕੱਤਰ/ਭਰਤੀ, ਪੰ:ਸ:ਪਾ:ਕਾ:ਲਿ:ਪਟਿਆਲਾ
7. ਉਪ ਸਕੱਤਰ/ਅ:ਅ:-1, ਪੰ:ਸ:ਪਾ:ਕਾ:ਲਿ:ਪਟਿਆਲਾ
8. ਕਾਨੂੰਨੀ ਸਲਾਹਕਾਰ, ਪੰ:ਸ:ਪਾ:ਕਾ:ਲਿ:ਪਟਿਆਲਾ
9.ਅਧੀਨ ਸਕੱਤਰ/ਵੀ ਤੇ ਐਸ, ਪੰ:ਸ:ਪਾ:ਕਾ:ਲਿ:ਪਟਿਆਲਾ

ਮੀਮੋ ਨੰ: ਬੀਡੀ/ਜੀ-3086
ਮਿਤੀ

ਵਿਸ਼ਾ:- **Martyrs of Kuka Namdhari movement, 1871.**

..............

. ਉਪਰੋਕਤ ਵਿਸ਼ੇ ਦੇ ਸਬੰਧ ਵਿਚ ਪੰਜਾਬ ਸਰਕਾਰ ਸੁਤੰਤਰਤਾ ਸੰਗਰਾਮੀ ਵਿਭਾਗ (ਸੁਤੰਤਰਤਾ *ਸੰਗਰਾਮੀ ਸਾਖਾ)* ਚੰਡੀਗੜ੍ਹ ਦਾ ਪੱਤਰ *ਨੰ:10/3/2012-3ਐਫ ਐਫ/46 ਮਿਤੀ 7.1.2013* ਨੂੰ ਪੰ:ਸ:ਪਾ:ਕਾ:ਲਿ:ਪਟਿਆਲਾ ਦੀ ਵੈਬ ਸਾਈਟ ਤੇ ਪਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਨੱਥੀ/ਉਪਰੋਕਤ ਅਨੁਸਾਰ

21/1/13

ਅਧੀਨ ਸਕੱਤਰ/ਤਾਲਮੇਲ,
ਪੰ:ਸ:ਪਾ:ਕਾ:ਲਿ:ਪਟਿਆਲਾ ।

*ਸੀਸੀ:-* ***ਉਪ ਮੁੱਖ ਇੰਜੀ./ਆਈ ਟੀ,ਪੰ:ਸ:ਪਾ:ਕਾ:ਲਿ:ਪਟਿਆਲਾ ਨੂੰ ਪ੍ਰਮੁੱਖ ਇੰਜੀਨੀਅਰ/ਐਚ ਆਰ ਡੀ,ਪੰ:ਸ:ਪਾ:ਕਾ:ਲਿ:ਪਟਿਆਲਾ ਦੀ ਵੈਬ ਸਾਈਟ ਤੇ ਪਾਉਣ ਹਿੱਤ ।***

ਪੰਜਾਬ ਸਰਕਾਰ
ਸੁਤੰਤਰਤਾ ਸੰਗਰਾਮੀ ਵਿਭਾਗ
(ਸੁਤੰਤਰਤਾ ਸੰਗਰਾਮੀ ਸ਼ਾਖਾ)

<u>ਨੋਟੀਫਿਕੇਸ਼ਨ</u>

ਮਿਤੀ, ਚੰਡੀਗੜ੍ਹ: 07-01-2013

ਵਿਸ਼ਾ: ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦ.

*****

ਨੰ:10/3/2012-3ਐਫ.ਐਫ./44 ਜਦੋਂ ਕਿ ਭਾਰਤ ਸਰਕਾਰ ਵੱਲੋਂ ਗ੍ਰਹਿ ਮੰਤਰਾਲੇ ਦੇ ਮਿਤੀ 13 ਦਸੰਬਰ 2008 ਦੇ ਪੱਤਰ ਨੰ:8/1/2008-ਐਫ.ਐਫ.(ਪੀ.) ਰਾਹੀਂ ਕੂਕਾ ਨਾਮਧਾਰੀ ਅੰਦੋਲਨ 1871 ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਅਹਿਮ ਹਿੱਸਾ ਕਰਾਰ ਦਿੱਤੇ ਜਾਣ ਉਪਰੰਤ ਪੰਜਾਬ ਸਰਕਾਰ ਨੇ ਵੀ ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ ਦੀ ਇਕ ਪ੍ਰਮਾਣਿਕ ਤੇ ਅੰਤਿਮ ਸੂਚੀ ਤਿਆਰ ਕਰਨ ਦੀ ਪ੍ਰਕਿਆ ਸ਼ੁਰੂ ਕੀਤੀ ਹੈ, ਜਿਸ ਦੇ ਰਾਹੀਂ ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ ਦੇ ਆਸ਼ਰਿਤ/ਕਾਨੂੰਨੀ ਵਾਰਸਾਂ ਨੂੰ ਭਾਰਤ ਸਰਕਾਰ ਦੀ ਸੁਤੰਤਰਤਾ ਸੰਗਰਾਮ ਪੈਨਸ਼ਨ ਸਕੀਮ ਅਤੇ ਢੁੱਕਵੀਂ ਰਾਜ ਸਰਕਾਰ ਦੀ ਪੈਨਸ਼ਨ ਸਕੀਮ ਦੇ ਤਹਿਤ ਪੈਨਸ਼ਨ ਅਤੇ ਇਸ ਦੇ ਨਾਲ-ਨਾਲ ਸੁਤੰਤਰਤਾ ਸੰਗਰਾਮੀਆਂ ਨੂੰ ਅਦਾ ਕਰਨ ਯੋਗ ਹੋਰ ਸੁਵਿਧਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਦੂਜੇ ਸੁਤੰਤਰਤਾ ਸੰਗਰਾਮੀਆਂ ਦੇ ਬਰਾਬਰ ਦਾ ਰੁੱਤਬਾ ਪ੍ਰਾਪਤ ਹੋ ਜਾਵੇ।

2. ਜਦੋਂ ਕਿ ਸੁਤੰਤਰਤਾ ਸੰਗਰਾਮੀ ਵਿਭਾਗ ਵੱਲੋਂ ਭਾਰਤੀ ਕੌਂਸਲ ਆਫ ਹਿਸਟੋਰੀਕਲ ਰਿਸਰਚ, ਡਾਇਰੈਕਟਰ ਜਨਰਲ ਆਰਕਾਈਵਜ ਨਵੀਂ ਦਿੱਲੀ, ਡਾਇਰੈਕਟਰ ਆਰਕਾਈਵਜ਼ ਪੰਜਾਬ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਾਈਸ ਚਾਂਸਲਰਜ ਨਾਲ ਵੀ ਰਾਬਤਾ ਕਾਇਮ ਕੀਤਾ ਹੈ ਤਾਂ ਕਿ ਪ੍ਰਮਾਣਿਤ ਤਸਦੀਕਸ਼ੁਦਾ ਦਸਤਾਵੇਜਾਂ ਬਾਰੇ ਜਾਣਕਾਰੀ ਦੀ ਡੂੰਘਾਈ ਨਾਲ ਘੋਖ ਕਰਕੇ ਸ਼ਹੀਦਾਂ ਦੀ ਇਕ ਸੂਚੀ ਤਿਆਰ ਕੀਤੀ ਜਾ ਸਕੇ।

3. ਜਦੋਂ ਕਿ ਆਉਣ ਵਾਲੇ ਸਮੇਂ ਵਿਚ ਸ਼ਹੀਦਾਂ ਦੀ ਸ਼ਹਾਦਤ ਦੀ ਪ੍ਰਕਿਆ ਪੂਰੀ ਹੋਣ ਉਪਰੰਤ ਅਗਲਾ ਕਦਮ ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਕਰਨ ਲਈ ਇਕ ਬਹੁਪੱਖੀ ਅੰਤਰ ਵਿਭਾਗੀ ਅਪ੍ਰੋਚ ਅਖਤਿਆਰ ਕਰਨਾ ਹੋਵੇਗਾ।

4. ਜਦੋਂ ਕਿ ਸੁਤੰਤਰਤਾ ਸੰਗਰਾਮੀ ਵਿਭਾਗ ਵਿਚ ਕੋਈ ਰਿਪੋਰਟ ਮੌਜੂਦ ਨਹੀਂ ਹੈ ਜਿਸ ਤੋਂ ਇਹ ਜਾਹਿਰ ਹੋਵੇ ਕਿ ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ ਦੇ ਆਸ਼ਰਿਤਾਂ/ ਕਾਨੂੰਨੀ ਵਾਰਸਾਂ ਨੂੰ ਸੁਤੰਤਰਤਾ ਸੰਗਰਾਮੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਰਾਸ਼ਟਰ ਦੇ ਸਤਿਕਾਰ ਵਜੋਂ ਸੁਤੰਤਰ ਭਾਰਤ ਵਿਚ ਕੋਈ ਪੈਨਸ਼ਨ ਜਾਂ ਕਿਸੇ ਹਰ ਤਰ੍ਹਾਂ ਦੀ ਸੁਵਿਧਾ ਮੁਹਈਆ ਕਰਵਾਈ ਗਈ ਹੋਵੇ।

5. ਜਦੋਂ ਕਿ ਸ਼ਹੀਦਾਂ ਅਤੇ ਉਸ ਦੇ ਨਾਲ-ਨਾਲ ਜ਼ਖਮੀ ਹੋਏ ਵਿਅਕਤੀਆਂ ਦੀ ਪ੍ਰਕਿਆ ਪੂਰੀ ਹੋਣ ਅਤੇ ਉਨ੍ਹਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਹੋਣ ਉਪਰੰਤ ਇਕ ਡਰਾਫਟ ਪਾਲਿਸੀ ਤਿਆਰ ਕਰਕੇ ਖਾਸ ਤੌਰ ਤੇ ਇਸ ਮੰਤਵ ਨਾਲ ਭਾਰਤ ਸਰਕਾਰ ਨੂੰ ਭੇਜੀ ਜਾਵੇਗੀ ਕਿਉਂਕਿ ਮੌਜੂਦਾ ਪਾਲਿਸੀਆਂ ਦੇ ਤਹਿਤ ਪੈਨਸ਼ਨ ਅਤੇ ਹੋਰ ਸੁਵਿਧਾਵਾਂ ਪ੍ਰਾਪਤ ਕਰਨ ਲਈ ਯੋਗਤਾ ਦੀਆਂ ਸ਼ਰਤਾਂ ਤੇ ਬਾਨਾਂ ਦੇ ਅੰਤਰਗਤ ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ ਦੇ ਆਸ਼ਰਿਤ/ਕਾਨੂੰਨੀ ਵਾਰਸਾਂ ਦੀਆਂ ਹੁਣ ਤੱਕ ਕਈ ਪੀੜ੍ਹੀਆਂ ਲੰਘ ਚੁੱਕੀਆਂ ਹਨ।

6. ਹੁਣ ਇਸ ਲਈ ਰਾਜਪਾਲ, ਪੰਜਾਬ ਨੂੰ ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ, ਉਨ੍ਹਾਂ ਦੇ ਆਸ਼ਰਿਤਾਂ/ਕਾਨੂੰਨੀ ਵਾਰਸਾਂ ਦੀ ਸ਼ਨਾਖਤ ਲਈ , ਕੂਕਾ ਨਾਮਧਾਰੀ ਅੰਦੋਲਨ 1871 ਦੇ ਸ਼ਹੀਦਾਂ ਦੇ ਪਰਿਵਾਰਾਂ ਪ੍ਰਤੀ ਰਾਜ ਵੱਲੋਂ ਉਚਿਤ ਤਰੀਕੇ ਨਾਲ ਸ਼ੁਕਰਾਨਾ ਪ੍ਰਗਟ ਕਰਨ ਲਈ ਅਤੇ ਗ੍ਰਹਿ ਮਾਮਲੇ ਮੰਤਰਾਲੇ, ਭਾਰਤ ਸਰਕਾਰ ਨੂੰ ਇਕ ਪਾਲਿਸੀ ਤਜਵੀਜ ਦਾ ਮਸੌਦਾ ਪੇਸ਼ ਕਰਨ ਲਈ, ਨਿਮਨਲਿਖਤ ਕਮੇਟੀ ਕਾਇਮ ਕਰਦੇ ਸਮੇਂ ਪ੍ਰਸੰਨਤਾ ਮਹਿਸੂਸ ਹੁੰਦੀ ਹੈ:-

| | | |
|---|---|---|
| 1) | ਮੁੱਖ ਸਕੱਤਰ, ਪੰਜਾਬ ਸਰਕਾਰ | ਚੇਅਰਮੈਨ |
| 2) | ਪ੍ਰਮੁੱਖ ਸਕੱਤਰ ਸੁਤੰਤਰਤਾ ਸੰਗਰਾਮੀ, ਪੰਜਾਬ | ਮੈਂਬਰ |
| 3) | ਵਿੱਤੀ ਕਮਿਸ਼ਨਰ ਮਾਲ, ਪੰਜਾਬ | ਮੈਂਬਰ |
| 4) | ਪ੍ਰਮੁੱਖ ਸਕੱਤਰ ਵਿੱਤ, ਪੰਜਾਬ | ਮੈਂਬਰ |
| 5) | ਸੰਯੁਕਤ ਸਕੱਤਰ/ਡਾਇਰੈਕਟਰ, ਸੁਤੰਤਰਤਾ ਸੰਗਰਾਮੀ ਗ੍ਰਹਿ ਮਾਮਲੇ ਮੰਤਰਾਲੇ, ਭਾਰਤ ਸਰਕਾਰ | ਮੈਂਬਰ |
| 6) | ਸਕੱਤਰ/ਵਿਸ਼ੇਸ ਸਕੱਤਰ/ਵਧੀਕ ਸਕੱਤਰ ਸੁਤੰਤਰਤਾ ਸੰਗਰਾਮੀ | ਕਨਵੀਨਰ/ ਮੈਂਬਰ ਸਕੱਤਰ |
| 7) | ਡਾਇਰੈਕਟਰ ਆਰਕਾਈਵਜ਼, ਪੰਜਾਬ | ਮੈਂਬਰ |
| 8) | ਡਿਪਟੀ ਕਮਿਸ਼ਨਰ, ਬਰਨਾਲਾ/ਸੰਗਰੂਰ | ਮੈਂਬਰ |

10. ਇਹ ਕਮੇਟੀ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੀਆਂ ਸਿਫਾਰਸ਼ਾਂ ਪੇਸ਼ ਕਰੇਗੀ।

**ਮਿਤੀ,ਚੰਡੀਗੜ੍ਹ:**
**07 ਜਨਵਰੀ, 2013**

**ਸਰਵੇਸ਼ ਕੌਸ਼ਲ**
**ਪ੍ਰਮੁੱਖ ਸਕੱਤਰ ਫਰੀਡਮ ਫਾਈਟਰ, ਪੰਜਾਬ**

ਪਿੱ:ਅੰ: ਨੰ:10/3/2012-3ਐਫ.ਐਫ./45 ਮਿਤੀ,ਚੰਡੀਗੜ੍ਹ: 07-01-2013

ਉਪਰੋਕਤ ਦਾ ਇਕ ਉਤਾਰਾ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਪਿੱ:ਅੰ: ਨੰ:10/3/2012-3ਐਫ.ਐਫ./46 ਮਿਤੀ,ਚੰਡੀਗੜ੍ਹ: 07-01-2013

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
2) ਪੰਜਾਬ ਦੇ ਸਮੂਹ ਵਿਭਾਗਾਂ ਦੇ ਮੁੱਖੀ;
3) ਪੰਜਾਬ ਰਾਜ ਦੀਆਂ ਸਮੂਹ ਡਵੀਜਨਾਂ ਦੇ ਕਮਿਸ਼ਨਰ;
4) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ;
5) ਪੰਜਾਬ ਰਾਜ ਦੇ ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਮੁੱਖੀ;
6) ਪੰਜਾਬ ਰਾਜ ਦੇ ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ (ਸਿਵਲ)।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਪਿੱ:ਅੰ: ਨੰ:10/3/2012-3ਐਫ.ਐਫ./47 ਮਿਤੀ,ਚੰਡੀਗੜ੍ਹ: 07-01-2013

ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜਟ (ਐਕਸਟਰਾ ਆਰਡਨਰੀ) ਵਿਚ ਪ੍ਰਕਾਸ਼ਤ ਕੀਤਾ ਜਾਵੇ ਅਤੇ ਇਸ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ